8_Dec_Khanna_5, 6.qxd 12/8/2024 11:49 PM Page 1



# ਚੋਣ ਤਰੀਕਾਂ ਦਾ ਐਲਾਨ ਹੁੰਦੇ ਹੀ ਮਘਿਆ ਸਿਆਸੀ ਮਾਹੌਲ, 11 ਵਾਰਡਾਂ 'ਚ ਜਿੱਤ ਲਈ ਭਿੜਨਗੇ ਆਗੂ

ਮਲੌਦ, 8 ਦਸੰਬਰ (ਦਿਲਬਾਗ ਸਿੰਘ ਚਾਪੜਾ/ਕੁਲਵਿੰਦਰ ਸਿੰਘ ਨਿਜ਼ਾਮਪੁਰ)-ਪੰਜਾਬ ਚੋਣ ਕਮਿਸ਼ਨ ਵਲੋਂ ਨਗਰ ਨਿਗਮਾਂ, ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਲਈ ਤਰੀਕਾਂ ਦੇ ਐਲਾਨ ਹੁੰਦਿਆਂ ਹੀ 11 ਵਾਰਡਾਂ ਵਾਲੀ ਨਗਰ ਪੰਚਾਇਤ ਮਲੌਦ ਅਧੀਨ ਪੈਂਦੇ ਮਲੌਦ, ਰੋੜੀਆਂ ਤੇ ਸੋਮਲ ਖੇੜੀ ਵਿਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ ਕਿਉਂਕਿ ਚੋਣ ਕਮਿਸ਼ਨ ਵਲੋਂ 9 ਦਸੰਬਰ ਤੋਂ ਹੀ ਨਾਮਜ਼ਦਗੀਆਂ ਸ਼ੁਰੂ ਕਰ ਕੇ 12 ਦਸੰਬਰ ਆਖ਼ਰੀ ਮਿਤੀ ਰੱਖੀ ਗਈ ਹੈ। ਜਦ ਕਿ ਅਜੇ ਤੱਕ ਸਿਆਸੀ ਪਾਰਟੀਆਂ ਵਲੋਂ ਆਪਣੇ ਉਮੀਦਵਾਰ ਹੀ ਫਾਈਨਲ ਨਹੀਂ ਕੀਤੇ ਗਏ। ਇਸ ਲਈ ਤਰੀਕ ਦੇ ਐਲਾਨ ਦੇ ਨਾਲ ਹੀ ਸਿਆਸੀ ਪਾਰਟੀਆਂ ਸੂਚੀਆਂ ਫਾਈਨਲ ਕਰਨ ਵਿਚ ਲੱਗ ਗਈਆਂ ਹਨ ਤੇ ਸੰਭਾਵੀ ਉਮੀਦਵਾਰ ਟਿਕਟ ਲੈਣ ਲਈ ਜ਼ੋਰ-ਅਜ਼ਮਾਈ ਕਰਨ ਲੱਗ ਗਏ ਹਨ। ਨਗਰ ਪੰਚਾਇਤ ਮਲੌਦ ਦੇ ਕੁਲ 11 ਵਾਰਡਾਂ 'ਚੋਂ ਵਾਰਡ ਨੰ. 1, 3 ਅਤੇ 9 ਇਸਤਰੀਆਂ ਲਈ, ਵਾਰਡ ਨੰ. 5 ਤੇ 7 ਅਨੁਸੂਚਿਤ ਜਾਤੀ ਇਸਤਰੀਆਂ ਲਈ, ਵਾਰਡ ਨੰ. 2 ਅਤੇ 10 ਅਨੁਸੂਚਿਤ ਜਾਤੀ ਲਈ, ਵਾਰਡ ਨੰ. 4 ਪਛੜੀਆਂ ਜਾਤੀ ਲਈ ਰਿਜ਼ਰਵ ਰੱਖੇ ਗਏ ਹਨ ਜਦ ਕਿ ਵਾਰਡ ਨੰ. 6, 8 ਅਤੇ 11 ਜਨਰਲ ਹਨ। ਨਗਰ ਪੰਚਾਇਤ ਦੀਆਂ ਕੁੱਲ 5942 ਵੋਟਾਂ ਹਨ, ਜਿਨ੍ਹਾਂ 'ਚ ਸਭ ਤੋਂ ਵੱਧ ਵਾਰਡ ਨੰ. 7 'ਚ 709 ਵੋਟਰ ਹਨ ਅਤੇ ਸਭ ਤੋਂ ਘੱਟ ਵਾਰਡ ਨੰ. 6 'ਚ 455 ਵੋਟਰ ਹਨ। ਇਥੇ 'ਆਪ' ਦੀ ਕਮਾਨ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਖ਼ੁਦ ਕਰ ਰਹੇ ਹਨ। ਕਾਂਗਰਸ ਵਲੋਂ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਕੋਟਲੀ ਪਰਿਵਾਰ ਦੇ ਮਸ਼ਵਰੇ ਨਾਲ ਚੋਣ ਮੈਦਾਨ 'ਚ ਆਪਣੇ ਉਮੀਦਵਾਰ ਲਗਾ ਰਹੇ ਹਨ। ਅਕਾਲੀ ਦਲ ਵਲੋਂ ਇੰਜੀ. ਜਗਦੇਵ ਸਿੰਘ ਬੋਪਾਰਾਏ, ਹਲਕਾ ਇੰਚਾਰਜ ਮਨਜੀਤ ਸਿੰਘ ਮਦਨੀਪੁਰ ਤੇ ਹੋਰ ਸੀਨੀਅਰ ਆਗੂ ਆਪਣੇ ਉਮੀਦਵਾਰਾਂ ਨਾਲ ਮੀਟਿੰਗਾਂ ਕਰ ਰਹੇ ਹਨ। ਭਾਜਪਾ ਵਲੋਂ ਜ਼ਿਲ੍ਹਾ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਵਲੋਂ ਵੀ ਸਾਰੇ ਵਾਰਡਾਂ 'ਚ ਉਮੀਦਵਾਰ ਲਗਾਏ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੱਕ ਸੱਚ ਮਿਸ਼ਨ ਪਾਇਲ ਦੇ ਸਰਪ੍ਰਸਤ ਗੁਰਜੀਵਨ ਸਿੰਘ ਸਰੌਦ ਨੇ ਕਿਹਾ ਕਿ ਲੋਕ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਅਜਿਹੇ ਉਮੀਦਵਾਰ ਚੁਣਨ ਜੋ ਲੋਕਾਂ ਦੇ ਕੰਮ ਕਰਵਾਉਣ ਦੇ ਸਮਰੱਥ ਹੋਣ। ਜ਼ਿਕਰਯੋਗ ਹੈ ਕਿ 12 ਦਸੰਬਰ ਤੱਕ ਨਾਮਜ਼ਦਗੀਆਂ ਦਾਖਲ ਹੋਣਗੀਆਂ, 13 ਦਸੰਬਰ ਨੂੰ ਕਾਗਜ਼ਾਂ ਦੀ ਪੜਤਾਲ ਹੋਵੇਗੀ, 14 ਦਸੰਬਰ ਨੂੰ ਚੋਣ ਨਾ ਲੜਨ ਦੇ ਚਾਹਵਾਨ ਆਪਣੇ ਕਾਗਜ਼ ਵਾਪਸ ਲੈ ਸਕਣਗੇ। 21 ਦਸੰਬਰ ਨੂੰ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਾਂ ਪੈਣਗੀਆਂ, ਜਿਸ ਉਪਰੰਤ ਉਸੇ ਦਿਨ ਹੀ ਵੋਟਾਂ ਦੀ ਗਿਣਤੀ ਕਰ ਕੇ ਨਤੀਜੇ ਐਲਾਨੇ ਜਾਣਗੇ।



ਮਲੌਦ ਵਿਖੇ ਕਾਂਗਰਸ ਪਾਰਟੀ ਦੀ ਟਿਕਟ ਲੈਣ ਲਈ ਅਰਜ਼ੀਆਂ ਦੇ ਫਾਰਮ ਭਰੇ ਜਾਣ ਦਾ ਦ੍ਰਿਸ਼। ਤਸਵੀਰ : ਦਿਲਬਾਗ ਸਿੰਘ ਚਾਪੜਾ

## ਚੋਣਾਂ ਦੇ ਐਲਾਨ ਤੋਂ ਬਾਅਦ ਕਾਂਗਰਸ ਮੰਗਣ ਲੱਗੀ ਉਮੀਦਵਾਰਾਂ ਕੋਲੋਂ ਅਰਜ਼ੀਆਂ

ਮਲੌਦ, 8 ਦਸੰਬਰ (ਦਿਲਬਾਗ ਸਿੰਘ ਚਾਪੜਾ/ਕੁਲਵਿੰਦਰ ਸਿੰਘ ਨਿਜ਼ਾਮਪੁਰ)-ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਹੋਏ ਤਾਜ਼ਾ ਐਲਾਨ ਤੋਂ ਬਾਅਦ ਸਥਾਨਕ ਸ਼ਹਿਰ ਮਲੌਦ ਵਿਖੇ ਕਾਂਗਰਸ ਪਾਰਟੀ ਦੇ ਉਮੀਦਵਾਰ ਬਣਨ ਲਈ ਅਰਜ਼ੀਆਂ ਵਾਲੇ ਫਾਰਮ ਭਰਨ ਦਾ ਦੌਰ ਪੂਰੇ ਜ਼ੋਰਾਂ 'ਤੇ ਜਾਰੀ ਸੀ। ਜਦ ਕਿ ਆਮ ਆਦਮੀ ਪਾਰਟੀ ਵਲੋਂ ਲਗਭਗ ਆਪਣੇ ਉਮੀਦਵਾਰਾਂ ਦੀ ਸੂਚੀ ਪੱਕੀ ਹੀ ਕਰ ਚੁੱਕੇ ਹਨ ਪਰ ਕਾਂਗਰਸ ਵਿਚ ਲੰਮੇ ਸਮੇਂ ਤੋਂ ਆਪਣੇ ਵਾਰਡਾਂ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਵੀ ਦੁਚਿੱਤੀ ਵਿਚ ਹਨ ਕਿ ਉਨ੍ਹਾਂ ਨੂੰ ਜੱਦੀ ਵਾਰਡ 'ਚੋਂ ਟਿਕਟ ਮਿਲੇਗੀ ਜਾਂ ਨਹੀਂ ਪਰ ਕਈ ਕਾਂਗਰਸ ਦੇ ਧੜੱਲੇਦਾਰ ਲੀਡਰ ਜਿਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹਰ ਉਸ ਔਖੇ ਵੇਲੇ ਪਾਰਟੀ ਦੇ ਹੁਕਮ ਨੂੰ ਮੰਨਦਿਆਂ ਆਪਣੇ ਵਾਰਡ ਵਿਚੋਂ ਚੋਣ ਲੜੀ ਹੈ। ਹੁਣ ਜਦੋਂ ਚੋਣਾਂ ਦਾ ਸਮਾਂ ਆ ਗਿਆ ਤਾਂ ਮੌਕੇ 'ਤੇ ਜੇਕਰ ਉਨ੍ਹਾਂ ਦਾ ਵਾਰਡ ਬਦਲ ਦਿੱਤਾ ਜਾਂਦਾ ਹੈ ਜਾਂ ਦੂਜੀ ਵਾਰਡ ਵਿਚ ਭੇਜਿਆ ਜਾਂਦਾ ਹੈ ਤਾਂ ਵੋਟਰਾਂ ਨਾਲ ਸੰਪਰਕ ਕਰਨ ਵਿੱਚ ਔਖ ਮਹਿਸੂਸ ਹੋਵੇਗੀ। ਇਥੇ ਹੀ ਬੱਸ ਨਹੀਂ ਅੱਜ ਕਾਂਗਰਸ ਪਾਰਟੀ ਵਲੋਂ ਦਾਅਵੇਦਾਰਾਂ ਦੀਆਂ ਅਰਜ਼ੀਆਂ ਮੰਗੀਆਂ ਗਈਆਂ ਕਈ ਉਮੀਦਵਾਰ ਅਰਜ਼ੀਆਂ ਦੇ ਫਾਰਮ ਭਰਦੇ ਵੇਖੇ ਗਏ, ਜਿਨ੍ਹਾਂ 'ਚੋਂ ਇਕ ਨੇ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਸਾਡੀ ਮੀਟਿੰਗ 'ਚ ਇਕ ਕਾਂਗਰਸੀ ਨੇ ਤਾਂ ਇਹ ਵੀ ਸੁਝਾਅ ਦੇ ਦਿੱਤਾ ਸੀ ਕਿ ਹਰ ਅਰਜ਼ੀ ਨਾਲ 10 ਹਜ਼ਾਰ ਰੁਪਏ ਫ਼ੰਡ ਇਕੱਤਰ ਕੀਤਾ ਜਾਵੇ। ਜਦੋਂ ਕਿ ਦੂਜੇ ਪਾਸੇ ਸ਼ਹਿਰ 'ਚ ਇਹ ਚਰਚਾ ਹੈ ਕਿ ਭਾਜਪਾ ਆਪਣੇ ਉਮੀਦਵਾਰਾਂ ਨੂੰ ਲੱਖਾਂ ਰੁਪਏ ਦਾ ਫ਼ੰਡ ਮੁਹੱਈਆ ਕਰਵਾਏਗੀ। ਜਿਥੋਂ ਤੱਕ ਆਮ ਆਦਮੀ ਪਾਰਟੀ ਦਾ ਸਵਾਲ ਹੈ ਉਨ੍ਹਾਂ ਨੂੰ ਆਪੋ-ਆਪਣੇ ਵਾਰਡਾਂ ਵਿਚ ਮਜ਼ਬੂਤ ਉਮੀਦਵਾਰ ਉਤਾਰੇ ਜਾ ਰਹੇ ਹਨ। ਜਿਹੜੇ ਆਪਣੇ ਵਾਰਡ ਦੇ ਨਾਲ-ਨਾਲ ਦੂਜੇ ਵਾਰਡਾਂ ਵਿਚ ਵੀ ਆਰਥਿਕ ਪੱਖੋਂ ਕਮਜ਼ੋਰ ਉਮੀਦਵਾਰਾਂ ਦੀ ਆਰਥਿਕ ਮਦਦ ਕਰਨ ਦੇ ਸਮਰੱਥ ਹਨ। ਕੁਝ ਕਾਂਗਰਸੀ ਵੀ 'ਆਪ' ਨਾਲ ਗੰਢ ਤੁੱਪ ਕਰਦੇ ਸੁਣੇ ਜਾ ਰਹੇ ਹਨ ਕਿ ਜਿਨ੍ਹਾਂ ਦੀ ਆਪਣੇ ਕਾਂਗਰਸੀਆਂ ਨਾਲ ਇੱਟ ਖੜਕਾ ਚੱਲ ਰਿਹਾ ਹੈ ਇਹ ਵੀ ਪਤਾ ਲੱਗਾ ਹੈ ਕਿ ਅਕਾਲੀ ਦਲ ਵਲੋਂ ਵੀ ਇਹ ਚੋਣ ਡਟ ਕੇ ਲੜਨ ਦਾ ਤਿਆਰੀ ਕੀਤੀ ਜਾ ਰਹੀ ਹੈ ਕਿਉਂਕਿ ਜਿਸ ਹਲਕਾ ਇੰਚਾਰਜ ਨੂੰ ਹਲਕਾ ਪਾਇਲ ਦੀ ਕਮਾਨ ਦਿੱਤੀ ਗਈ ਹੈ। ਉਸ ਨੂੰ ਹਲਕੇ ਦੀ ਕਮਾਨ ਦਿਵਾਉਣ ਵਿਚ ਨਗਰ ਪੰਚਾਇਤ ਦੇ ਤਿੰਨ ਵਾਰ ਪ੍ਰਧਾਨ ਰਹੇ ਸੰਜੀਵ ਪੁਰੀ ਦਾ ਵੱਡਾ ਯੋਗਦਾਨ ਸੀ।

ਹੁਣ ਉਨ੍ਹਾਂ ਵਲੋਂ ਵੀ ਜਥੇਦਾਰ ਮਨਜੀਤ ਸਿੰਘ ਹਲਕਾ ਇੰਚਾਰਜ ਪਾਇਲ ਵਲੋਂ ਵੀ ਸੰਜੀਵ ਪੁਰੀ ਉੱਪਰ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਤੇ ਆਪਣੇ ਗਰੁੱਪ ਵਲੋਂ ਨਗਰ ਪੰਚਾਇਤ ਮਲੌਦ ਦੀ ਚੋਣ ਲੜਨ ਤੇ ਹੋਰ ਉਮੀਦਵਾਰਾਂ ਨੂੰ ਅੱਗੇ ਹੋ ਕੇ ਲੜਾਉਣ ਤਾਂ ਕਿ ਪਾਰਟੀ ਦੇ ਹੁਕਮ ਅਨੁਸਾਰ ਇਹ ਚੋਣਾਂ ਲੜੀਆਂ ਜਾ ਸਕਣ ਹੁਣ ਵੇਖੋ ਆਉਣ ਵਾਲੇ ਦਿਨਾਂ ਵਿਚ ਕੌਣ ਕਿੰਨੇ ਪਾਣੀ ਵਿਚ ਹੈ, ਜਿਸ ਦੀ ਸਪਸ਼ਟ ਤਸਵੀਰ ਜਲਦੀ ਸਭ ਦੇ ਸਾਹਮਣੇ ਹੋਵੇਗੀ।

## 11 ਨੂੰ ਪੰਜਾਬ ਦੇ ਸਾਰੇ ਸਕੂਲਾਂ 'ਚ ਸਿੱਖਿਆ ਮੰਤਰੀ ਤੇ ਵਿੱਤ ਮੰਤਰੀ ਦੇ ਲਾਰਿਆਂ ਦੀ ਪੰਡ ਸਾੜੀ ਜਾਵੇਗੀ-ਜਗਜੀਤ/ਗੁਰਪ੍ਰੀਤ/ਸਵਰਨ

ਸਾਹਨੇਵਾਲ, 8 ਦਸੰਬਰ (ਹਨੀ ਚਾਠਲੀ)-ਪਿਛਲੀ ਸਰਕਾਰ ਦੇ ਸਮੇਂ ਵਿੱਤ ਮੰਤਰੀ ਨੇ ਪੰਜਾਬ ਦੇ ਕਰਮਚਾਰੀਆਂ ਤੋਂ 200 ਰੁਪਇਆਂ ਡਿਵੈਲਪਮੈਂਟ ਦੇ ਨਾਂ 'ਤੇ ਟੈਕਸ ਲੈਣਾ ਸ਼ੁਰੂ ਕੀਤਾ ਸੀ ਤੇ ਹੁਣ ਵਾਲੀ ਸਰਕਾਰ ਵੀ ਉਹ ਜਜੀਆ ਦੇ ਨਾਂਅ 'ਤੇ ਟੈਕਸ ਪੰਜਾਬ ਦੇ ਕਰਮਚਾਰੀਆਂ ਤੋਂ ਲੈ ਰਹੀ ਹੈ ਅਤੇ ਮੌਜੂਦਾ ਸਰਕਾਰ ਵਲੋਂ ਸਰਕਾਰ ਦੇ ਕਰਮਚਾਰੀਆਂ ਨੂੰ ਪੇਂਡੂ ਭੱਤੇ ਤੋਂ ਵਾਂਝਾ ਕੀਤਾ ਗਿਆ ਹੈ। ਇਹ ਪ੍ਰਗਟਾਵਾ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਉਪ ਪ੍ਰਧਾਨ ਜਗਜੀਤ ਸਿੰਘ ਸਾਹਨੇਵਾਲ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਦੋਰਾਹਾ ਤੇ ਜ਼ਿਲ੍ਹਾ ਲੁਧਿਆਣਾ ਦੇ ਵਿੱਤ ਸਕੱਤਰ ਸਵਰਨ ਸਿੰਘ ਨੇ ਗੱਲਬਾਤ ਕਰਦਿਆਂ ਪ੍ਰਗਟ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਮਾਸਟਰ ਕੇਡਰ ਯੂਨੀਅਨ ਪੰਜਾਬ ਵਲੋਂ ਪੇਂਡੂ ਭੱਤੇ ਤੇ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਸੰਬੰਧੀ 11 ਦਸੰਬਰ ਨੂੰ ਪੰਜਾਬ ਦੇ ਸਾਰੇ ਸਕੂਲਾਂ ਵਿਚ ਸਿੱਖਿਆ ਮੰਤਰੀ ਅਤੇ ਵਿੱਤ ਮੰਤਰੀ ਦੇ ਲਾਰਿਆਂ ਦੀ ਪੰਡ ਸਾੜੀ ਜਾਵੇਗੀ।

## ਪੰਜਾਬ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਵਿਰੁੱਧ ਕੰਪਿਊਟਰ ਅਧਿਆਪਕ ਮੁੱਖ ਮੰਤਰੀ ਨਿਵਾਸ ਅੱਗੇ ਕਰਨਗੇ ਰੈਲੀ

ਖੰਨਾ, 8 ਦਸੰਬਰ (ਹਰਜਿੰਦਰ ਸਿੰਘ ਲਾਲ)-ਆਪਣੀਆਂ ਮੰਗਾਂ ਦੀ ਮਨਵਾਉਣ ਲਈ ਪਿਛਲੇ 99 ਦਿਨਾਂ ਤੋਂ ਸੰਗਰੂਰ ਡੀ. ਸੀ. ਦਫ਼ਤਰ ਦੇ ਬਾਹਰ ਭੁੱਖ ਹੜਤਾਲ 'ਤੇ ਬੈਠੇ ਕੰਪਿਊਟਰ ਅਧਿਆਪਕਾਂ ਨੇ ਸੂਬਾ ਪੱਧਰੀ ਮੀਟਿੰਗ ਕੀਤੀ। ਮੀਟਿੰਗ 'ਚ ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਮੁੱਖ ਮੈਂਬਰ ਪਰਮਵੀਰ ਸਿੰਘ ਪੰਮੀ, ਜੌਨੀ ਸਿੰਗਲਾ, ਪ੍ਰਦੀਪ ਕੁਮਾਰ ਮਲੂਕਾ, ਰਾਜਵੰਤ ਕੌਰ, ਰਣਜੀਤ ਸਿੰਘ, ਲਖਵਿੰਦਰ ਸਿੰਘ, ਗੁਰਬਖਸ਼ ਲਾਲ, ਜਸਪਾਲ, ਉਦਮ ਸਿੰਘ ਡੋਗਰਾ, ਬਵਲੀਨ ਬੇਦੀ, ਸੁਨੀਤ ਸਰੀਨ, ਡਾ. ਸੁਮਿਤ ਗੋਇਲ, ਰਜਨੀ, ਧਰਮਿੰਦਰ ਸਿੰਘ, ਨਰਿੰਦਰ ਕੁਮਾਰ, ਰਾਕੇਸ਼ ਸੈਣੀ, ਸੁਸ਼ੀਲ ਅੰਗੁਰਲ, ਪ੍ਰਿਅੰਕਾ ਬਿਸ਼ਟ, ਮਨਜੀਤ ਕੌਰ, ਕਰਮਜੀਤ ਪੁਰੀ, ਗਗਨਦੀਪ ਸਿੰਘ, ਜਸਵਿੰਦਰ ਸਿੰਘ ਲੁਧਿਆਣਾ ਸਮੇਤ ਵਿਕਰਮਦੇਵ ਸਿੰਘ ਸਿੰਘ ਸੂਬਾ ਪ੍ਰਧਾਨ ਡੀ. ਟੀ. ਐਫ. ਪੰਜਾਬ, ਬਹਾਦਰ ਸਿੰਘ ਬਲਾਕ ਮੀਤ ਪ੍ਰਧਾਨ ਬੀਕੇਯੂ ਡਕੌਂਦਾ (ਮਨਜੀਤ ਧਨੇਰ), ਜਗਤਾਰ ਸਿੰਘ ਜ਼ਿਲ੍ਹਾ ਸਕੱਤਰ, ਮੁਕੇਸ਼ ਮਲੌਦ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਪੰਜਾਬ, ਦੇਵੀ ਦਿਆਲ ਜੀਟੀਯੂ ਪੰਜਾਬ (ਚਹਿਲ) ਨੇ ਹਿੱਸਾ ਲਿਆ। ਸੰਘਰਸ਼ ਕਮੇਟੀ ਨੇ ਐਲਾਨ ਕੀਤਾ ਕਿ 14 ਦਸੰਬਰ ਨੂੰ ਸੰਗਰੂਰ ਵਿਚ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ 'ਹੱਕ ਬਚਾਓ ਰੈਲੀ' ਦੇ ਰੂਪ ਵਿਚ ਸਮੂਹ ਵਿਦਿਆਰਥੀ, ਮੁਲਾਜ਼ਮ, ਅਧਿਆਪਕ ਤੇ ਕਿਸਾਨ ਜਥੇਬੰਦੀਆਂ ਨੂੰ ਨਾਲ ਲੈ ਕੇ ਸਾਂਝਾ ਐਕਸ਼ਨ ਕੀਤਾ ਜਾਵੇਗਾ। ਸਰਕਾਰ ਦੀ ਲਗਾਤਾਰ ਅਣਗਹਿਲੀ ਤੋਂ ਨਿਰਾਸ਼ ਕੰਪਿਊਟਰ ਅਧਿਆਪਕਾਂ ਨੇ 22 ਦਸੰਬਰ ਤੋਂ ਮਰਨ ਵਰਤ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਪਹਿਲੇ ਪੜਾਅ 'ਚ ਜੌਨੀ ਸਿੰਗਲਾ (ਬਠਿੰਡਾ), ਰਣਜੀਤ ਸਿੰਘ (ਪਟਿਆਲਾ), ਊਧਮ ਸਿੰਘ ਡੋਗਰਾ (ਹੁਸ਼ਿਆਰਪੁਰ), ਰਵਿੰਦਰ ਕੌਰ (ਫ਼ਤਿਹਗੜ੍ਹ ਸਾਹਿਬ) ਅਤੇ ਸੀਮਾ ਰਾਣੀ (ਪਟਿਆਲਾ) ਮਰਨ ਵਰਤ ਰੱਖਣਗੇ। ਇਸ ਤੋਂ ਬਾਅਦ ਹਰ ਰੋਜ਼ ਵੱਡੀ ਗਿਣਤੀ ਵਿਚ ਅਧਿਆਪਕ ਇਸ ਮਰਨ ਵਰਤ 'ਚ ਸ਼ਮੂਲੀਅਤ ਕਰਨਗੇ।



ਸੰਘਰਸ਼ ਕਮੇਟੀ ਦੇ ਆਗੂ ਤੇ ਹੋਰ ਜਥੇਬੰਦੀਆਂ ਦੇ ਮੈਂਬਰ ਇਕਮੁੱਠਤਾ ਦਿਖਾਉਂਦੇ ਹੋਏ। ਅਜੀਤ ਤਸਵੀਰ

## ਸਮਰਾਲਾ ਨੇੜੇ ਡਿਵਾਈਡਰਾਂ ਨਾਲ ਟਕਰਾਉਣ ਕਾਰਨ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ

ਸਮਰਾਲਾ, 8 ਦਸੰਬਰ (ਗੋਪਾਲ ਸੋਫਤ)-ਪਿੰਡ ਚਹਿਲਾਂ ਵਿਖੇ ਇਕ ਦਰਦਨਾਕ ਸੜਕ ਹਾਦਸੇ 'ਚ ਇਕ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਨਿਹਾਰ ਖਾਨ 32 ਸਾਲ ਵਾਸੀ ਪਿੰਡ ਗਿੱਲ (ਲੁਧਿਆਣਾ) ਵਜੋਂ ਹੋਈ ਹੈ। ਮੋਟਰਸਾਈਕਲ ਸਵਾਰ ਦੇ ਦੋਸਤ ਪ੍ਰਿੰਸ ਅਨੁਸਾਰ ਮੌਤ ਦਾ ਕਾਰਨ ਮੋਟਰਸਾਈਕਲ ਸਵਾਰ ਦੀ ਤੇਜ਼ ਸਪੀਡ ਹੋ ਸਕਦੀ ਹੈ ਤੇ ਜਿੱਥੇ ਇਹ ਸੜਕ ਹਾਦਸਾ ਵਾਪਰਿਆ ਉਸ ਜਗ੍ਹਾ ਦੇ ਕੋਲ ਮੋੜ ਸੀ ਅਤੇ ਮੋਟਰਸਾਈਕਲ ਤੇਜ਼ ਰਫ਼ਤਾਰ ਹੋਣ ਕਾਰਨ ਸਵਾਰ ਸੰਤੁਲਨ ਖੋ ਬੈਠਿਆ ਤੇ ਸੜਕ ਦੇ ਡਿਵਾਈਡਰ ਨਾਲ ਟਕਰਾ ਗਿਆ। ਪ੍ਰਿੰਸ ਨੇ ਦੱਸਿਆ ਕਿ ਉਨ੍ਹਾਂ ਦੀ ਅੱਜ ਦੁਪਹਿਰ 12 ਵਜੇ ਦੀ ਰਾਈਡ ਸੀ। ਲੁਧਿਆਣਾ ਸਮਰਾਲਾ ਚੌਕ ਤੋਂ ਰਾਜਾ ਢਾਬਾ ਨੇੜੇ ਮੋਰਿੰਡਾ ਅਤੇ ਉਸ ਤੋਂ ਬਾਅਦ ਰਾਜਾ ਢਾਬਾ ਤੋਂ ਵਾਪਸ ਲੁਧਿਆਣਾ ਜਾਣਾ ਸੀ ਅਤੇ ਜਦੋਂ ਅਸੀਂ ਰਾਜਾ ਢਾਬਾ ਤੋਂ ਵਾਪਸ ਲੁਧਿਆਣਾ ਜਾ ਰਹੇ ਸੀ ਤਾਂ ਸਾਡਾ ਸਾਥੀ ਨਿਹਾਰ ਖਾਨ ਸਾਡੇ ਤੋਂ ਕਾਫੀ ਅੱਗੇ ਨਿਕਲ ਚੁੱਕਾ ਸੀ ਅਤੇ ਅੱਗੇ ਜਾ ਕੇ ਅਸੀਂ ਦੇਖਿਆ ਕਿ ਸਾਡੇ ਸਾਥੀ ਨਾਲ ਸੜਕ ਹਾਦਸਾ ਵਾਪਰਿਆ ਹੈ। ਇਹ ਹਾਦਸਾ ਹੋਣ 'ਤੇ ਜ਼ਖ਼ਮੀ ਮੋਟਰਸਾਈਕਲ ਸਵਾਰ ਨੂੰ ਐਂਬੂਲੈਂਸ ਰਾਹੀਂ ਸਮਰਾਲਾ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ। ਸਰਕਾਰੀ ਹਸਪਤਾਲ ਦੇ ਡਾਕਟਰ ਅਨੁਸਾਰ ਮੋਟਰਸਾਈਕਲ ਸਵਾਰ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਚੁੱਕੀ ਸੀ।



ਨਿਹਾਰ ਖਾਨ ਦੀ ਪੁਰਾਣੀ ਤਸਵੀਰ



ਸਾਹਨੇਵਾਲ 'ਚ ਕਾਂਗਰਸ ਪਾਰਟੀ 'ਚ ਸ਼ਾਮਿਲ ਕਰ ਕੇ ਮਨੋਜ ਗਰਗ ਨੂੰ ਅਤੇ ਉਸ ਦੇ ਸਾਥੀਆਂ ਨੂੰ ਸਨਮਾਨਿਤ ਕਰਦੇ ਹੋਏ ਵਿਕਰਮ ਬਾਜਵਾ, ਮੇਜਰ ਸਿੰਘ, ਰਮੇਸ਼ ਕੁਮਾਰ ਪੱਪੂ, ਅਵਤਾਰ ਸਿੰਘ ਚਹਿਲ ਤੇ ਹੋਰ। ਤਸਵੀਰ : ਹਨੀ ਚਾਠਲੀ

## 'ਆਪ' ਦੇ ਸੀਨੀਅਰ ਆਗੂ ਮਨੋਜ ਗਰਗ ਸਾਥੀਆਂ ਸਮੇਤ ਕਾਂਗਰਸ 'ਚ ਹੋਏ ਸ਼ਾਮਿਲ

ਸਾਹਨੇਵਾਲ, 8 ਦਸੰਬਰ (ਹਨੀ ਚਾਠਲੀ)-ਸਾਹਨੇਵਾਲ ਕਸਬੇ 'ਚ ਆਪ ਪਾਰਟੀ ਦੇ ਸੀਨੀਅਰ ਆਗੂ ਮਨੋਜ ਗਰਗ ਆਪਣੇ ਸਾਥੀਆਂ ਸਮੇਤ ਆਪ ਪਾਰਟੀ ਨੂੰ ਸਦਾ ਲਈ ਅਲਵਿਦਾ ਆਖ ਕੇ ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਵਿਕਰਮ ਬਾਜਵਾ, ਮੇਜਰ ਸਿੰਘ ਦਿਹਾਤੀ ਪ੍ਰਧਾਨ ਕਾਂਗਰਸ, ਰਮੇਸ਼ ਕੁਮਾਰ ਪੱਪੂ ਪ੍ਰਧਾਨ ਸ਼ਹਿਰੀ ਕਾਂਗਰਸ ਤੇ ਉਪ ਪ੍ਰਧਾਨ ਅਵਤਾਰ ਸਿੰਘ ਚਹਿਲ ਦੀ ਅਗਵਾਈ ਹੇਠ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਗਏ। ਇਸ ਮੌਕੇ ਵਿਕਰਮ ਬਾਜਵਾ, ਮੇਜਰ ਸਿੰਘ, ਰਮੇਸ਼ ਕੁਮਾਰ ਪੱਪੂ ਤੇ ਅਵਤਾਰ ਸਿੰਘ ਚਹਿਲ ਵਲੋਂ ਮਨੋਜ ਗਰਗ ਅਤੇ ਉਸ ਦੇ ਸਾਥੀਆਂ ਨੂੰ ਸਿਰੋਪਾਓ ਪਾ ਕੇ ਕਾਂਗਰਸ ਪਾਰਟੀ ਵਿਚ ਸ਼ਾਮਿਲ ਕਰ ਲਿਆ। ਇਸ ਮੌਕੇ ਵਿਕਰਮ ਬਾਜਵਾ ਤੇ ਮੇਜਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਦੇ ਸ਼ਾਸਨਕਾਲ ਦੌਰਾਨ ਪੰਜਾਬ ਅੰਦਰ ਕਰਵਾਏ ਵਿਕਾਸ ਦੇ ਕੰਮਾਂ ਨੂੰ ਦੇਖਦਿਆਂ ਹੋਇਆਂ ਦਿਨੋਂ-ਦਿਨ ਲੋਕ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਰਮੇਸ਼ ਕੁਮਾਰ ਪੱਪੂ ਤੇ ਅਵਤਾਰ ਸਿੰਘ ਚਹਿਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਹੀ ਇਕ ਅਜਿਹੀ ਪਾਰਟੀ ਹੈ ਜੋ ਦੇਸ਼ ਨੂੰ ਤਰੱਕੀਆਂ ਦੇ ਰਾਹ 'ਤੇ ਲੈ ਕੇ ਜਾ ਸਕਦੀ ਹੈ। ਇਸ ਮੌਕੇ ਚੇਅਰਮੈਨ ਸ਼ਮਸ਼ੇਰ ਸ਼ੇਰੀ, ਰਮਨੀਤ ਜੰਡਿਆਲੀ, ਅਨੁਜ ਕੁਮਾਰ ਆਦਿ ਹਾਜ਼ਰ ਸਨ।




ਮ੍ਰਿਤਕਾ ਸਿਮਰਨ ਕੌਰ ਦੀ ਪੁਰਾਣੀ ਤਸਵੀਰ। ਅਜੀਤ ਤਸਵੀਰ

## ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਔਰਤ ਦੀ ਮੌਤ

ਖੰਨਾ, 8 ਦਸੰਬਰ (ਮਨਜੀਤ ਸਿੰਘ ਧੀਮਾਨ)-ਅੱਜ ਸ਼ਾਮ ਰਤਨਹੇੜੀ ਫਾਟਕਾਂ ਕੋਲ ਲਾਈਨ ਪਾਰ ਕਰਨ ਸਮੇਂ ਰੇਲ ਗੱਡੀ ਦੀ ਲਪੇਟ ਵਿਚ ਆਉਣ ਕਾਰਨ ਔਰਤ ਦੀ ਮੌਤ ਹੋ ਗਈ ਹੈ। ਜੀ. ਆਰ. ਖੰਨਾ ਰੇਲਵੇ ਚੌਕੀ ਦੇ ਇੰਚਾਰਜ ਐਸ. ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਰਤਨਹੇੜੀ ਰੇਲਵੇ ਫਾਟਕ ਹੁਣ (ਆਰ. ਯੂ. ਬੀ.) ਕੋਲ ਔਰਤ ਦੀ ਲਾਸ਼ ਰੇਲਵੇ ਟਰੈਕ ਕੋਲ ਪਈ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਉਹ ਪੁਲਿਸ ਟੀਮ ਸਮੇਤ ਤੁਰੰਤ ਮੌਕੇ 'ਤੇ ਘਟਨਾ ਵਾਲੀ ਜਗਾਂ 'ਤੇ ਪੁੱਜੇ, ਜਿਨ੍ਹਾਂ ਨੇ ਲਾਸ਼ ਦਾ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ ਔਰਤ ਦੀ ਉਮਰ 40 ਸਾਲ ਹੈ। ਮ੍ਰਿਤਕ ਔਰਤ ਦੀ ਪਹਿਚਾਣ ਸਿਮਰਨ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਆਜ਼ਾਦ ਨਗਰ ਵਾਰਡ ਨੰਬਰ 5 ਖੰਨਾ ਥਾਣਾ ਸਿਟੀ 1 ਖੰਨਾ ਵਜੋਂ ਹੋਈ। ਮ੍ਰਿਤਕਾ ਦੇ ਪਤੀ ਜਤਿੰਦਰ ਸਿੰਘ ਨੇ ਦੱਸਿਆ ਕਿ ਉਹ ਯੂਰੋ ਕੇਅਰ ਸੈਂਟਰ ਵਿਖੇ ਨੌਕਰੀ ਕਰਦੀ ਸੀ ਤੇ ਸ਼ਾਮ ਨੂੰ ਡਿਊਟੀ ਖ਼ਤਮ ਕਰਕੇ ਘਰ ਨੂੰ ਵਾਪਸ ਆ ਰਹੀ ਸੀ, ਜਦੋਂ ਰੇਲਵੇ ਲਾਈਨ ਪਾਰ ਕਰਨ ਲੱਗੀ ਤਾਂ ਅਚਾਨਕ ਗੱਡੀ ਦੀ ਲਪੇਟ 'ਚ ਆਉਣ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਲਾਸ਼ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਖੰਨਾ ਦੀ ਮੋਰਚਰੀ 'ਚ ਰਖਵਾ ਦਿੱਤੀ ਹੈ। ਇਸ ਮੌਕੇ ਹੈੱਡ ਕਾਂਸਟੇਬਲ ਰੁਪਿੰਦਰ ਸਿੰਘ, ਪੀ. ਐੱਚ. ਜੀ. ਭੁਪਿੰਦਰ ਕੁਮਾਰ ਆਦਿ ਹਾਜ਼ਰ ਸਨ।

## ਵਾਰਡ ਨੰਬਰ 1 ਤੋਂ 'ਆਪ' ਪਾਰਟੀ ਵਲੋਂ ਭਾਗ ਸਿੰਘ ਤੋਂ ਇਲਾਵਾ ਕਿਸੇ ਹੋਰ ਆਗੂ ਨੂੰ ਚੋਣ ਮੈਦਾਨ 'ਚ ਉਤਾਰਨ ਦੀਆਂ ਚਰਚਾਵਾਂ ਜ਼ੋਰਾਂ 'ਤੇ

### ਭਾਗ ਸਿੰਘ ਵਲੋਂ ਪਹਿਲਾਂ ਹੀ ਆਪਣੀ ਪਤਨੀ ਕਿਰਨਜੀਤ ਕੌਰ ਨੂੰ ਚੋਣ ਲੜਾਉਣ ਦਾ ਐਲਾਨ

ਮਲੌਦ, 8 ਦਸੰਬਰ (ਸਹਾਰਨ ਮਾਜਰਾ)-ਵਾਰਡ ਨੰਬਰ ਇਕ ਤੋਂ 'ਆਪ' ਪਾਰਟੀ ਵਲੋਂ ਇਕ ਹੋਰ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰਨ ਦੀਆਂ ਚਰਚਾਵਾਂ ਨੂੰ ਵੇਖਦਿਆਂ ਆਪ ਪਾਰਟੀ ਦੇ ਪੁਰਾਣੇ ਤੇ ਟਕਸਾਲੀ ਆਗੂ ਭਾਗ ਸਿੰਘ (ਬੇਰ ਖ਼ੁਰਦ ਵਾਲੇ) ਵਲੋਂ ਆਪਣੇ ਹਮਾਇਤੀਆਂ ਨਾਲ ਮੀਟਿੰਗ ਕਰਨ ਉਪਰੰਤ ਵਾਰਡ ਨੰਬਰ ਇਕ 'ਤੇ ਪਹਿਲਾਂ ਹੀ ਆਪਣੀ ਦਾਅਵੇਦਾਰੀ ਠੋਕਦਿਆਂ ਆਪਣੀ ਪਤਨੀ ਕਿਰਨਜੀਤ ਕੌਰ ਨੂੰ ਸਿੱਧੇ ਤੌਰ 'ਤੇ ਚੋਣ ਮੈਦਾਨ 'ਚ ਉਤਾਰਨ ਦਾ ਐਲਾਨ ਕੀਤਾ ਹੈ।

ਮੀਟਿੰਗ 'ਚ ਫ਼ੌਜੀ ਪ੍ਰਕਾਸ਼ ਸਿੰਘ, ਐਡਵੋਕੇਟ ਚਮਕੌਰ ਸਿੰਘ, ਅਜੀਤਪਾਲ ਸਿੰਘ ਜੱਸਲ, ਇੰਜ. ਦਵਿੰਦਰ ਸਿੰਘ ਬੇਰ ਖ਼ੁਰਦ, ਡਾ. ਪ੍ਰੇਮ ਧਵਨ, ਕੁਲਦੀਪ ਸਿੰਘ ਖੇੜੀ, ਰਾਜਾ ਸਿੰਘ, ਰਾਮਚੰਦ ਸਿੰਘ, ਬੜੈਚ ਸਿੰਘ, ਪਾਲ ਸਿੰਘ, ਜਗਦੀਪ ਸਿੰਘ ਬੇਰ ਖ਼ੁਰਦ, ਕੁਲਦੀਪ ਸਿੰਘ ਸੋਮਲਖੇੜੀ, ਅਵਤਾਰ ਸਿੰਘ, ਜਗਤਾਰ ਸਿੰਘ, ਬਲਵਿੰਦਰ ਸਿੰਘ ਸੋਮਲਖੇੜੀ, ਜਸਵੰਤ ਸਿੰਘ ਸੋਮਲਖੇੜੀ, ਗੁਰਪ੍ਰੀਤ ਸਿੰਘ ਖੇੜੀ, ਹਰਵਿੰਦਰ ਸੋਨੀ, ਪ੍ਰਗਟ ਸਿੰਘ, ਰਛਪਾਲ ਸਿੰਘ, ਪਰਮਿੰਦਰ ਸਿੰਘ, ਰਾਮਧਨ ਸਿੰਘ, ਰਾਜ ਸਿੰਘ, ਪਰਮਿੰਦਰ ਸਿੰਘ, ਕਿਰਨਜੀਤ ਕੌਰ, ਮਾਤਾ ਅੱਛਰੋ ਕੌਰ, ਮਨਪ੍ਰੀਤ ਕੌਰ, ਹਰਵਿੰਦਰ ਕੌਰ, ਬਲਜੀਤ ਕੌਰ, ਕੁਲਦੀਪ ਕੌਰ, ਜਿੰਦਰ ਕੌਰ, ਗਿਆਨ ਕੌਰ, ਸਿਮਰਨ ਕੌਰ, ਭਿੰਡਰ ਕੌਰ, ਗੌਰਵ, ਸੁਮਨ ਕੌਰ ਸਮੇਤ ਵੱਡੀ ਗਿਣਤੀ ਵਿਚ ਵਾਰਡ ਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੀਬੀ ਕਿਰਨਜੀਤ ਕੌਰ ਤੇ ਉਨ੍ਹਾਂ ਦੇ ਪਤੀ ਭਾਗ ਸਿੰਘ ਨੇ ਕਿਹਾ ਕਿ ਉਹ ਆਪ ਪਾਰਟੀ ਦੇ ਟਕਸਾਲੀ ਵਰਕਰ ਹਨ, ਜਿਨ੍ਹਾਂ ਵਲੋਂ ਔਖੇ ਸਮੇਂ ਘਰ-ਘਰ ਜਾ ਕੇ ਪਾਰਟੀ ਦਾ ਪ੍ਰਚਾਰ ਕੀਤਾ ਗਿਆ ਸੀ। ਇਸ ਲਈ ਵਾਰਡ ਵਾਸੀਆਂ ਦੀ ਪੁਰਜ਼ੋਰ ਆਵਾਜ਼ ਅਨੁਸਾਰ ਉਹ ਐਲਾਨ ਕਰਦੇ ਹਨ ਕਿ ਹਰ ਹਾਲਤ 'ਚ ਬੀਬੀ ਕਿਰਨਜੀਤ ਕੌਰ ਵਾਰਡ ਨੰਬਰ ਇਕ ਤੋਂ ਚੋਣ ਲੜੇਗੀ।



ਦਾਅਵੇਦਾਰ ਬੀਬੀ ਕਿਰਨਜੀਤ ਕੌਰ

## ਪਿੰਡ ਡੱਲਾ ਤੋਂ ਗੋਪਾਲ ਸਿੰਘ ਪਾਲੀ ਸਰਪੰਚੀ ਦੀ ਚੋਣ ਜਿੱਤਿਆ

ਹਠੂਰ, 8 ਦਸੰਬਰ (ਜਸਵਿੰਦਰ ਸਿੰਘ ਛਿੰਦਾ)-ਪਿੰਡ ਡੱਲਾ ਵਿਖੇ ਅੱਜ ਹੋਈ ਸਰਪੰਚੀ ਚੋਣ ਦੌਰਾਨ ਗੋਪਾਲ ਸਿੰਘ ਪਾਲੀ ਸਰਪੰਚੀ ਚੋਣ ਜਿੱਤ ਗਿਆ ਹੈ। ਉਸ ਨੇ ਆਪਣੇ ਵਿਰੋਧੀ ਉਮੀਦਵਾਰ ਚੰਦ ਸਿੰਘ ਡੱਲਾ ਨੂੰ 400 ਤੋਂ ਉੱਪਰ ਵੋਟਾਂ ਦੇ ਫਰਕ ਨਾਲ ਹਰਾ ਕੇ ਇਹ ਚੋਣ ਜਿੱਤੀ ਹੈ। ਜਿਕਰਯੋਗ ਹੈ ਕਿ ਗੋਪਾਲ ਸਿੰਘ ਪਾਲੀ ਆਮ ਆਦਮੀ ਪਾਰਟੀ ਦਾ ਸਰਗਰਮ ਆਗੂ ਹੈ ਤੇ ਚੰਦ ਸਿੰਘ ਡੱਲਾ ਸ਼੍ਰੋਮਣੀ ਅਕਾਲੀ ਦਲ ਦਾ ਸੀਨੀਅਰ ਆਗੂ ਹੈ। ਪਹਿਲਾਂ ਹੋਈਆਂ ਪੰਚਾਇਤੀ ਚੋਣਾਂ ਦੇ ਐਨ ਇਕ ਦਿਨ ਪਹਿਲਾਂ ਇਹ ਚੋਣਾਂ ਰੱਦ ਕਰ ਦਿੱਤੀਆਂ ਸਨ ਤੇ ਹਾਈ ਕੋਰਟ ਦੇ ਹੁਕਮਾਂ ਨਾਲ ਇਕ ਅੱਜ ਦੁਬਾਰਾ ਕਰਵਾਈਆਂ ਗਈਆਂ ਸਨ। ਦੋਵਾਂ ਉਮੀਦਵਾਰਾਂ ਦਾ ਚੋਣ ਜਿੱਤਣ ਲਈ ਪੂਰਾ ਜ਼ੋਰ ਲੱਗਿਆ ਹੋਇਆ ਸੀ, ਜਿਥੇ ਚੋਣ ਪ੍ਰਚਾਰ ਦੇ ਆਖਰੀ ਦਿਨ ਅਕਾਲੀ ਲੀਡਰਸ਼ਿੱਪ ਨੇ ਚੰਦ ਸਿੰਘ ਡੱਲਾ ਦੇ ਹੱਕ 'ਚ ਪ੍ਰਚਾਰ ਕੀਤਾ ਸੀ, ਉੱਥੇ ਗੋਪਾਲ ਸਿੰਘ ਪਾਲੀ ਦੇ ਹੱਕ 'ਚ ਹਲਕਾ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਵੀ ਘਰ-ਘਰ ਜਾ ਕੇ ਚੋਣ ਪ੍ਰਚਾਰ ਕਰਦੇ ਨਜ਼ਰ ਆ ਰਹੇ ਸਨ।



ਗੋਪਾਲ ਸਿੰਘ ਪਾਲੀ



ਥਾਣਾ ਮੁਖੀ ਡੇਹਲੋਂ ਇੰਸਪੈਕਟਰ ਕੰਵਲਜੀਤ ਸਿੰਘ ਦਾ ਸਨਮਾਨ ਕਰਨ ਸਮੇਂ ਬਾਬਾ ਹਰਪਿੰਦਰ ਸਿੰਘ ਭਿੰਦਾ ਕਾਰ ਸੇਵਾ ਵਾਲੇ। ਤਸਵੀਰ : ਅੰਮ੍ਰਿਤਪਾਲ ਸਿੰਘ ਕੈਲੇ

## ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਲੋਕ ਫ਼ਤਵੇ ਤੋਂ ਪਹਿਲਾਂ ਟਿਕਟਾਂ ਦੇ ਮਾਮਲੇ 'ਚ ਪਰਖ ਦੀ ਘੜੀ 'ਚੋਂ ਗੁਜ਼ਰਨਾ ਪੈਣਾ

### 'ਆਪ' ਤੇ ਕਾਂਗਰਸ ਦੀਆਂ ਟਿਕਟਾਂ ਪ੍ਰਤੀ ਦਾਅਵੇਦਾਰਾਂ ਵਲੋਂ ਸਿਆਸੀ ਮਾਹੌਲ ਗਰਮ

ਮਲੌਦ, 8 ਦਸੰਬਰ (ਕੁਲਵਿੰਦਰ ਸਿੰਘ ਨਿਜ਼ਾਮਪੁਰ)-ਪੰਜਾਬ ਦੀਆਂ ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਐਲਾਨ ਤੋਂ ਬਾਅਦ ਸਿਆਸੀ ਪਾਰਟੀਆਂ ਨੂੰ 21 ਦਸੰਬਰ ਨੂੰ ਪੈਣ ਵਾਲੀਆਂ ਵੋਟਾਂ ਦੇ ਲੋਕ ਫ਼ਤਵੇ ਤੋਂ ਪਹਿਲਾਂ ਟਿਕਟਾਂ ਦੇਣ ਦੇ ਮਾਮਲੇ 'ਚ ਪਰਖ ਦੀ ਘੜੀ 'ਚੋਂ ਗੁਜ਼ਰਨਾ ਪੈਣਾ। ਹੁਣ ਦੇਖਣਾ ਇਹ ਹੋਵੇਗਾ ਕਿ ਸਿਆਸੀ ਲੀਡਰਾਂ ਦੇ ਵਫ਼ਾਦਾਰਾਂ ਦਾ ਮੁੱਲ ਪਵੇਗਾ ਜਾਂ ਚੋਣਾਂ ਦੀ ਰੁੱਤ ਮੌਕੇ ਦਿਖਾਈ ਦੇਣ ਵਾਲੇ ਲੋਕਾਂ ਦੀ ਝੋਲੀ ਟਿਕਟਾਂ ਪੈਣਗੀਆਂ। ਜੇਕਰ ਨਗਰ ਪੰਚਾਇਤ ਮਲੌਦ ਦੀ ਗੱਲ ਕਰੀਏ ਤਾਂ ਵਿਧਾਨ ਸਭਾ ਹਲਕਾ ਪਾਇਲ ਦੀ ਰਾਜਨੀਤੀ ਵਿਚ ਮਲੌਦ ਇਲਾਕਾ ਅਹਿਮ ਭੂਮਿਕਾ ਨਿਭਾਉਣ ਵਾਲਾ ਹੈ ਜੋ ਕਿ ਜਿੱਤ ਹਾਰ ਦਾ ਫ਼ੈਸਲਾ ਸੁਣਾਉਣ ਦੀ ਸਮਰਥਾ ਰੱਖਦਾ ਹੈ। ਹਲਕੇ ਦੇ ਮੌਜੂਦਾ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਜੋ ਕਿ ਪੰਜਾਬ ਦੀ ਹਾਕਮ ਧਿਰ ਨਾਲ ਸੰਬੰਧਿਤ ਹਨ। ਦੇਖੋ ਹੁਣ ਟਿਕਟਾਂ ਦੇ ਮਾਮਲੇ 'ਚ ਕਿਸ ਵਿਅਕਤੀ ਦੀ ਝੋਲੀ 'ਆਪ' ਪਾਰਟੀ ਦੀ ਟਿਕਟ ਪਾਉਂਦੇ ਹਨ ਜਾਂ ਕਿਸ ਨੂੰ ਸਬਰ ਦਾ ਘੁੱਟ ਭਰਨਾ ਪਵੇਗਾ। ਸੂਤਰਾਂ ਅਨੁਸਾਰ ਹਲਕਾ ਵਿਧਾਇਕ ਗਿਆਸਪੁਰਾ ਜਿਸ ਵਿਅਕਤੀ ਦੇ ਸਿਰ ਉੱਪਰ ਹੱਥ ਰੱਖਣਗੇ, ਉਸ ਵਿਅਕਤੀ ਨੂੰ ਪਾਰਟੀ ਉਮੀਦਵਾਰ ਜ਼ਰੂਰ ਬਣਾਇਆ ਜਾਵੇਗਾ। ਦੂਜੇ ਪਾਸੇ ਵਿਰੋਧੀ ਧਿਰ ਦੀ ਭੂਮਿਕਾ ਨਿਭਾਅ ਰਹੀ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਪਾਇਲ ਦੀ ਟਿਕਟਾਂ ਦੇ ਮਾਮਲੇ 'ਚ ਪੂਰੀ ਪੁੱਗੇਗੀ ਕਿਉਂਕਿ ਇਕ ਤਾਂ ਉਹ ਖ਼ੁਦ ਹਲਕਾ ਇੰਚਾਰਜ ਹਨ ਅਤੇ ਦੂਜਾ ਮੁੱਖ ਅਹੁਦਾ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਦਾ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਵਿਚ ਵੀ ਟਿਕਟਾਂ ਹਾਸਿਲ ਕਰਨ ਵਾਲਿਆਂ ਵਲੋਂ ਮਾਹੌਲ ਗਰਮਾਇਆ ਹੋਇਆ ਹੈ। ਇਸ ਲਈ ਲੱਖਾ ਪਾਇਲ ਵਾਸਤੇ ਵੀ ਅਹਿਮ ਪਰਖ ਦੀ ਘੜੀ ਹੋਵੇਗੀ ਕਿ ਕਿਸ ਵਿਅਕਤੀ ਨੂੰ ਉਸ ਦੀ ਮਰਜ਼ੀ ਅਨੁਸਾਰ ਟਿਕਟ ਦੇਣੀ ਹੈ ਜਾਂ ਕਿਸ ਨੂੰ ਨਿਰਾਸ਼ ਕਰਨਾ ਹੈ। ਕਿਉਂਕਿ ਆਪਣੀ ਮਰਜ਼ੀ ਦੀ ਵਾਰਡ ਤੋਂ ਟਿਕਟ ਦਾ ਦਾਅਵੇਦਾਰ ਸਥਾਨਕ ਸ਼ਹਿਰ ਤੋਂ ਇਕ ਨੌਜਵਾਨ ਆਗੂ ਜੋ ਕਿ ਰੋਜ਼ਾਨਾ ਹੀ ਪਰਛਾਵੇਂ ਦੀ ਤਰ੍ਹਾਂ ਲੱਖਾ ਪਾਇਲ ਨਾਲ ਹੀ ਹਰ ਪ੍ਰੋਗਰਾਮ 'ਚ ਨਜ਼ਰ ਆਉਂਦਾ ਹੈ। ਸ਼੍ਰੋਮਣੀ ਅਕਾਲੀ ਦਲ ਭਾਵੇਂ ਅੱਜ ਮੁਸ਼ਕਿਲ ਭਰੇ ਰਾਹਾਂ 'ਚੋਂ ਗੁਜ਼ਰ ਰਿਹਾ ਹੈ ਪਰ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਵਲੋਂ ਐਲਾਨ ਕੀਤਾ ਗਿਆ ਹੈ ਕਿ ਪਾਰਟੀ ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਲੜੇਗੀ। ਦੇਖੋ ਹੁਣ ਹਲਕਾ ਪਾਇਲ ਨਾਲ ਸੰਬੰਧਿਤ ਲੀਡਰਸ਼ਿਪ ਜੋ ਕਿ ਅਜੇ ਤੱਕ ਚੁੱਪ ਹੈ। ਆਉਣ ਵਾਲੇ ਦਿਨਾਂ 'ਚ ਕੀ ਸਿਆਸੀ ਪੱਤੇ ਖੋਲ੍ਹੇਗੀ। ਬੀਤੇ ਦਿਨੀਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਵਲੋਂ ਵੀ ਸ਼ਹਿਰ ਦੀਆਂ ਸਾਰੀਆਂ 11 ਵਾਰਡਾਂ ਉੱਪਰੋਂ ਚੋਣਾਂ ਲੜਨ ਬਾਰੇ ਆਖਿਆ ਗਿਆ ਹੈ ਕਿਉਂਕਿ ਪ੍ਰੋ. ਚੀਮਾ ਖ਼ੁਦ ਹਲਕਾ ਪਾਇਲ ਨਾਲ ਸੰਬੰਧਿਤ ਹਨ। ਇਹ ਤਾਂ ਹੁਣ ਆਉਣ ਵਾਲੇ ਦਿਨਾਂ 'ਚ ਪਤਾ ਚੱਲੇਗਾ ਕਿ ਸਾਰੀਆਂ ਵਾਰਡਾਂ ਉੱਪਰ ਹੀ ਉਮੀਦਵਾਰਾਂ ਦਾ ਐਲਾਨ ਹੋਵੇਗਾ ਜਾਂ ਅਧੂਰਾ ਪਣ ਦੇਖਣ ਨੂੰ ਮਿਲੇਗਾ। ਨਗਰ ਪੰਚਾਇਤ ਮਲੌਦ ਦੇ ਪ੍ਰਧਾਨ ਵਜੋਂ ਤਿੰਨ ਵਾਰ ਜ਼ਿੰਮੇਵਾਰੀ ਨਿਭਾਉਣ ਵਾਲੇ ਸ਼ਹਿਰ ਦੇ ਹਿੰਦੂ ਪਰਿਵਾਰ ਨਾਲ ਸੰਬੰਧਿਤ ਉੱਘੇ ਕਾਰੋਬਾਰੀ ਵੱਲ ਵੀ ਰਾਜਨੀਤੀ 'ਚ ਰੁਚੀ ਰੱਖਣ ਵਾਲੇ ਸਿਆਸੀ ਪੰਡਿਤਾਂ ਦੀ ਟੇਕ ਹੋਵੇਗੀ। ਪਰ ਉਕਤ ਪਰਿਵਾਰ ਵਲੋਂ ਵੀ ਆਉਣ ਵਾਲੇ ਦਿਨਾਂ 'ਚ ਸਿਆਸੀ ਪਟਾਕੇ ਪਾਉਣ ਦੀ ਪੂਰੀ-ਪੂਰੀ ਸੰਭਾਵਨਾ ਹੈ।



ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਵਿਧਾਇਕ, ਲਖਵੀਰ ਸਿੰਘ ਲੱਖਾ ਸਾਬਕਾ ਵਿਧਾਇਕ।

## ਬਾਬਾ ਹਰਪਿੰਦਰ ਸਿੰਘ ਭਿੰਦਾ ਕਾਰ ਸੇਵਾ ਵਲੋਂ ਥਾਣਾ ਮੁਖੀ ਡੇਹਲੋਂ ਇੰਸਪੈਕਟਰ ਕੰਵਲਜੀਤ ਸਿੰਘ ਸਨਮਾਨਿਤ

ਡੇਹਲੋਂ, 8 ਦਸੰਬਰ (ਅੰਮ੍ਰਿਤਪਾਲ ਸਿੰਘ ਕੈਲੇ)-ਸੰਤ ਬਾਬਾ ਅਮਰੀਕ ਸਿੰਘ ਕਾਰ ਸੇਵਾ ਸੰਪਰਦਾਇ ਪਟਿਆਲਾ ਦੇ ਜਥੇਦਾਰ ਹਰਪਿੰਦਰ ਸਿੰਘ ਭਿੰਦਾ ਕਾਰ ਸੇਵਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਵਲੋਂ ਥਾਣਾ ਡੇਹਲੋਂ ਮੁਖੀ ਇੰਸਪੈਕਟਰ ਕੰਵਲਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਤੇ ਥਾਣਾ ਮੁਖੀ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਸਮੇਂ ਇੰਸਪੈਕਟਰ ਕੰਵਲਜੀਤ ਸਿੰਘ ਨੇ ਕਿਹਾ ਕਿ ਕਾਰ ਸੇਵਾ ਸੰਪਰਦਾਇ ਪਟਿਆਲਾ ਵਲੋਂ ਜਥੇਦਾਰ ਹਰਪਿੰਦਰ ਸਿੰਘ ਭਿੰਦਾ ਦੀ ਅਗਵਾਈ ਹੇਠ ਜਿਥੇ ਗੁਰਦੁਆਰਾ ਆਲਮਗੀਰ ਸਾਹਿਬ ਦੀ ਕਾਰ ਸੇਵਾ ਨਿਰੰਤਰ ਚੱਲ ਰਹੀ ਹੈ। ਉਸ ਦੇ ਨਾਲ ਹੀ ਦਿਆਨੰਦ ਲੁਧਿਆਣਾ ਸਾਹਮਣੇ ਮਰੀਜ਼ਾਂ ਅਤੇ ਨਾਲ ਆਏ ਤੇ ਲੋੜਵੰਦ ਲੋਕਾਂ ਲਈ ਰੋਜ਼ਾਨਾ ਦੋ ਵਕਤ ਸਵੇਰੇ 11 ਤੋਂ 2 ਵਜੇ ਤੱਕ ਤੇ ਸ਼ਾਮ 7:30 ਵਜੇ ਤੋਂ 10 ਵਜੇ ਤੱਕ ਲੰਗਰ ਦੀ ਸੇਵਾ ਪਿਛਲੇ ਕਈ ਸਾਲਾਂ ਤੋਂ ਨਿਰੰਤਰ ਨਿਭਾ ਕੇ ਪਰਉਪਕਾਰੀ ਕੰਮ ਕੀਤਾ ਜਾ ਰਿਹਾ ਹੈ। ਇਸ ਸਮੇਂ ਥਾਣਾ ਮੁਖੀ ਕੰਵਲਜੀਤ ਸਿੰਘ ਵਲੋਂ ਸੰਗਤਾਂ ਸਮੇਤ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਆਸ-ਪਾਸ ਜਾਂ ਇਲਾਕੇ ਵਿਚ ਕੋਈ ਨਸ਼ਾ ਤਸਕਰ ਜਾਂ ਸ਼ੱਕੀ ਵਿਅਕਤੀ ਨਜ਼ਰ ਆਵੇ ਤਾਂ ਤੁਰੰਤ ਉਸ ਦੀ ਸੂਚਨਾ ਡੇਹਲੋਂ ਪੁਲਿਸ ਨੂੰ ਦਿੱਤੀ ਜਾਵੇ ਤਾਂ ਕਿ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਜਦ ਕਿ ਸੂਚਨਾ ਦੇਣ ਵਾਲੇ ਵਿਅਕਤੀਆਂ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਰੀਡਰ ਹੌਲਦਾਰ ਬਲਵਿੰਦਰ ਸਿੰਘ, ਹੌਲਦਾਰ ਗੁਰਦੀਪ ਸਿੰਘ ਸਮੇਤ ਹੋਰ ਸੇਵਾਦਾਰ ਹਾਜ਼ਰ ਸਨ।